# ਕਰਿਆਨੇ ਦੇ ਕਾਰੋਬਾਰ ਵਿਚ ਵਿਦੇਸ਼ੀ ਧਨ ਵਾੜਨ ਦੀ ਦੌੜ ਸ਼ੁਰੂ

ਹਿੰਦੁਸਤਾਨ ਵਿਚ ਕਰਿਆਨੇ ਦੇ ਕਾਰੋਬਾਰ ਵਿਚ ਬਾਹਰਲਾ ਸਰਮਾਇਆ ਸਿਧੇ ਤੌਰ ਤੇ ਲਾਉਣ ਦੀ ਖੁੱਲ ਹਾਸਲ ਕਰਨਾ ਇੰਟਰਨੈਸ਼ਨਲ ਅਤੇ ਮੁਕਾਮੀ ਵੱਡੇ ਸਰਮਾਏ ਦਾ ਅਜੰਡਾ ਹੈ। ਹਿੰਦੁਸਤਾਨ ਦੇ ਲੋਕਾਂ ਦੀ ਮਿਹਨਤ ਅਤੇ ਸਾਧਨਾ ਦੀ ਲੁੱਟ ਤੇਜ਼ ਕਰਨ ਲਈ ਵੱਡੇ ਸਰਮਾਏ ਦੀ ਇਹ ਇਕ ਫੌਰੀ ਲੋੜ ਹੈ। ਇਸ ਲਈ ਹਾਕਮ ਟੋਲਾ, ਇਸ ਦੀਆਂ ਸਿਆਸੀ ਪਾਰਟੀਆਂ ਅਤੇ ਇਸ ਦੇ ਮੀਡੀਏ ਨੇ ਇਸ ਮਸਲੇ ਬਾਰੇ ਬਹੁਤ ਹੀ ਰੌਲਾ ਪਾਇਆ ਹੋਇਆ ਸੀ। ਸਰਕਾਰ ਫੈਸਲਾ ਕਰ ਚੁਕੀ ਹੈ ਕਿ ਬਾਹਰਲੇ ਸਰਮਾਏ ਨੂੰ ਖੁਲ੍ਹ ਦੇ ਦੇਣੀ ਹੈ ਲੇਕਿਨ ਭਾਜਪਾ ਤੇ ਹੋਰ ਵਿਰੋਧੀ ਪਾਰਟੀਆਂ ਇਹਦੇ ਖ਼ਿਲਾਫ਼ ਕਈ ਚਿਰ ਤੋਂ ਸ਼ੋਰ ਮਚਾ ਰਹੀਆਂ ਸਨ ਤੇ ਸਰਕਾਰ ਦੇ ਫੈਸਲੇ ਦਾ ਵਿਰੋਧ ਕਰਨ ਲਈ ਇਨ੍ਹਾਂ ਪਾਰਲੀਮੈਂਟ ਵਿਚ ਮਤਾ ਪੇਸ਼ ਕੀਤਾ ਹੋਇਆ ਸੀ।

ਜਦ ਲੋਕ ਸਭਾ ਤੇ ਰਾਜ ਸਭਾ ਵਿਚ ਵੋਟ ਪੈਣ ਦਾ ਵੇਲਾ ਆਇਆ ਤਾਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਸਰਕਾਰ ਦੇ ਖ਼ਿਲਾਫ਼ ਵੋਟ ਪਾਉਣ ਤੋਂ ਦੌੜ ਗਈਆਂ ਤੇ ਮਤੇ ਦੀ ਹਾਰ ਹੋ ਗਈ ਤੇ ਇਹ ਗੱਲ ਇਕ ਵਾਰ ਫੇਰ ਸਾਫ਼ ਹੋ ਗਈ ਸਿਆਸਤਦਾਨਾਂ ਦੀ ਕਹਿਣੀ ਤੇ ਕਰਨੀ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਇਹ ਸਾਰੀਆਂ ਹੀ ਪਾਰਟੀਆਂ ਅਤੇ ਸਰਕਾਰ ਵੱਡੇ ਸਰਮਾਏ ਦੀਆਂ ਹੀ ਹੱਥ-ਠੋਕਾ ਹਨ। ਗੱਲੀਂ-ਬਾਤੀਂ ਤਾਂ ਇਹ ਲੋਕਾਂ ਦੇ ਮਾੜੇ ਹਾਲ ਉੱਤੇ ਹੰਝੂ ਵਹਾਉਂਦੀਆਂ ਹਨ ਅਤੇ ਉਨ੍ਹਾਂ ਦੇ ਭਲੇ ਦੀਆਂ ਗੱਲਾਂ ਕਰਦੀਆਂ ਹਨ ਪਰ ਅਸਲੀਅਤ ਵਿਚ ਵੱਡੇ ਸਰਮਾਏ ਦੀਆਂ ਹੀ ਪੈਰੋਕਾਰ ਹਨ।

ਪੂਰੀ ਦੁਨੀਆ ਦਾ ਤਜਰਬਾ ਦੱਸਦਾ ਹੈ ਕਿ ਵੱਡੇ ਸਰਮਾਏ ਦੀ ਜਕੜ ਵਧਣ ਨਾਲ ਛੋਟੇ ਅਤੇ ਮੱਧ ਪੱਧਰ ਦੇ ਕਿਸਾਨ, ਵਿਉਪਾਰੀ ਅਤੇ ਕਰਿਆਨੇ ਦੇ ਦੁਕਾਨਦਾਰਾਂ ਦਾ ਸਫਾਇਆ ਹੋ ਜਾਵੇਗਾ। ਕਰੋੜਾਂ ਲੋਕ ਬੇਰੁਜ਼ਗਾਰੀ, ਗੁਰਬਤ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਜਾਣਗੇ। ਵੱਡੇ ਸਰਮਾਏਦਾਰਾਂ ਦੇ ਮੁਨਾਫ਼ੇ ਬਹੁਤ ਵੱਧ ਜਾਣਗੇ। ਉਨ੍ਹਾਂ ਨੂੰ ਇਕ ਬਹੁਤ ਵੱਡੀ ਮੰਡੀ ਅਤੇ ਸਸਤੀਆਂ ਵਸਤਾਂ ਮਿਲਣਗੀਆਂ। ਜਿਣਸਾਂ ਦੇ ਭਾਅ ਬਹੁਤ ਹੀ ਘੱਟ ਰੱਖ ਕੇ ਉਹ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਤਬਾਹ ਕਰਨਗੇ। ਇਹ ਵੱਡੀਆਂ ਕੰਪਨੀਆਂ ਇਹ ਕੁਝ ਹੀ ਕਰਦੀਆਂ ਹਨ। ਈਸਟ ਇੰਡੀਆ ਕੰਪਨੀ ਤੋਂ ਲੈ ਕੇ ਵਾਲਮਾਰਟ ਕੰਪਨੀ ਦਾ ਇਹੋ ਕੰਮ ਹੈ। ਇਹ ਐਵੇਂ ਨਹੀਂ ਕਿ ਵਾਲਮਾਰਟ ਨੇ ਇਸ ਕੰਮ ਲਈ ਹਿੰਦੁਸਤਾਨ ਦੇ ਸਾਂਸਦਾਂ ਨੂੰ ਮਨਾਉਣ ਲਈ ਸੋ ਕਰੋੜ ਰੁਪਏ ਤੋਂ ਉਪਰ ਖ਼ਰਚ ਕੀਤਾ ਹੈ।

ਬੀ.ਜੇ.ਪੀ, ਜਿਸ ਨੇ ਕਿ ਇਹ ਮਤਾ ਲਿਆਂਦਾ ਸੀ, ਉਹ ਜਦੋਂ 2004 ਵਿਚ ਉਹ ਆਪ ਤਾਕਤ ਵਿਚ ਸੀ ਤਾਂ ਉਸ ਵੇਲੇ ਉਸਨੇ ਬਾਹਰਲੇ ਸਰਮਾਏ ਦੇ ਹੱਕ ਵਿਚ ਕਾਨੂੰਨ ਲਿਆਂਦਾ ਸੀ ਜਿਸ ਦਾ ਉਸ ਵੇਲੇ ਕਾਂਗਰਸ ਨੇ ਵਿਰੋਧ ਕੀਤਾ ਸੀ। ਇਨ੍ਹਾਂ ਦੇ ਇਲਾਵਾ ਸਮਾਜਵਾਦੀ ਪਾਰਟੀ ਅਤੇ ਬੀ.ਐਸ.ਪੀ ਨੇ ਬਾਹਰਲੇ ਸਰਮਾਏ ਅਤੇ ਵੱਡੀਆਂ ਕੰਪਨੀਆਂ ਖ਼ਿਲਾਫ਼ ਰੌਲਾ ਤਾਂ ਬਹੁਤ ਪਾਇਆ ਪਰ ਵੋਟ ਇਸ ਦੇ ਖ਼ਿਲਾਫ਼ ਨਹੀਂ ਪਾਇਆ। ਸੀ.ਪੀ. ਆਈ(ਐਮ) ਦੇ ਕਾਮਰੇਡਾਂ ਨੇ ਵੀ ਬਹੁਤ ਰੌਲਾ ਪਾਇਆ ਪਰ ਬੰਗਾਲ ਵਿਚ ਆਪਣੇ ਰਾਜ ਵੇਲੇ ਇਹ ਆਲਮੀ ਬੈਂਕ ਨਾਲ ਰਲ ਕੇ ਆਪ ਵੀ ਇਹੋ ਕੜ੍ਹੀ ਘੋਲਦੇ ਰਹੇ ਹਨ। ਇਸੇ ਤਰ੍ਹਾਂ ਮਮਤਾ ਬੈਨਰਜੀ ਨੇ ਵੀ ਐਫ.ਡੀ.ਆਈ. ਦੇ ਖ਼ਿਲਾਫ਼ ਰੌਲਾ ਤਾਂ ਬਹੁਤ ਪਾਇਆ ਹੈ ਪਰ ਬੰਗਾਲ ਵਿਚ ਵੱਡੇ ਸਰਮਾਏ ਨੂੰ ਸੱਦੇ ਵੀ ਦੇ ਹਰੀ ਹੈ। ਅਕਾਲੀ ਪਾਰਟੀ ਨੇ ਵੀ ਇਸਦੇ ਖ਼ਿਲਾਫ਼ ਰੌਲਾ ਪਾਇਆ ਸੀ ਪਰ ਪੰਜਾਬ ਉਹ ਵੱਡੀਆਂ ਕੰਪਨੀਆਂ ਦੇ ਸੇਵਾਦਾਰ ਬਣੇ ਹੋਏ ਹਨ।

ਪਾਰਲੀਮੈਂਟ ਵਿਚ ਇਹ ਮਤਾ ਉਤੇ ਪਈ ਵੋਟ ਦਾ ਨਤੀਜਾ ਇਕ ਬਾਰ ਫਿਰ ਸਾਫ਼ ਕਰਦਾ ਹੈ ਕਿ ਲੋਕ ਇਨ੍ਹਾਂ ਸਿਆਸੀ ਪਾਰਟੀਆਂ ਤੋਂ ਕਿਸੇ ਵੀ ਭਲੇ ਦੀ ਆਸ ਨਹੀਂ ਰੱਖ ਸਕਦੇ। ਇਹ ਸਭ ਪਾਰਟੀਆਂ ਸਰਮਾਏ ਦੀਆਂ ਹੀ ਸੇਵਾਦਾਰ ਹਨ ਭਾਵੇ ਇਨ੍ਹਾਂ ਦਾ ਝੰਡਾ ਕੋਈ ਵੀ ਹੈ। ਹਾਕਮ ਟੋਲਾ ਆਪਣੇ ਮੁਨਾਫ਼ਿਆਂ ਲਈ ਮੁਲਕ, ਕੌਮ, ਕੁਦਰਤੀ ਵਸੀਲੇ ਵਗੈਰਾ, ਸਭ ਕੁਝ ਵੇਚਣ ਨੂੰ ਤਿਆਰ ਹੈ। 1857 ਦੇ ਗਦਰ ਦੇ ਵਕਤ ਵੀ ਇਨ੍ਹਾਂ ਨੇ ਮੁਲਕ ਦੀ ਆਜ਼ਾਦੀ ਦੀ ਥਾਂ ਤੇ ਆਪਣੀਆਂ ਤਿਜੋਰੀਆਂ ਨੂੰ ਹੀ ਜ਼ਿਆਦਾ ਤਰਜੀਹ ਦਿਤੀ ਸੀ ਅਤੇ ਅੰਗਰੇਜ਼ਾਂ ਦਾ ਸਾਥ ਦਿਤਾ ਸੀ। ਹੁਣ ਵੀ ਇਹ ਆਪਣੇ ਮੁਨਾਫ਼ਿਆਂ ਨੂੰ ਮੁਲਕ ਅਤੇ ਲੋਕਾਂ ਦੀਆਂ ਲੋੜਾਂ ਨਾਲੋਂ ਜ਼ਿਆਦਾ ਤਰਜੀਹ ਦੇ ਰਹੇ ਹਨ।